# ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ: ਮੁੰਦਾਵਣੀ

ਪੁਸਤਕ ਮੁੰਦਾਵਣੀ ਵਿਚ ਗਿ. ਗੁਰਦਿੱਤ ਸਿੰਘ ਨੇ ਦਰਜਨਾਂ ਵਿਦਵਾਨਾਂ ਤੋਂ ਇਲਾਵਾ ਪ੍ਰਾਚੀਨ ਹੱਥ ਲਿਖਤ ਬੀੜਾਂ ਦੇ ਤਤਕਰੇ ਅਤੇ ਅੰਤਿਮ ਪੰਨੇ ਦੇ ਚਿੱਤਰ ਦੇ ਕੇ ਸਿੱਧ ਕੀਤਾ ਹੈ ਕਿ ਗੁਰੂ ਹਰਗੋਬਿੰਦ ਜੀ, ਗੁਰੂ ਹਰਿ ਰਾਏ ਜੀ, ਗੁਰੂ ਤੇਗ ਬਹਾਦਰ ਜੀ ਅਤੇ ਗੁਰੂ ਗੋਬਿੰਦ ਸਿੰਘ ਜੀ ਦੇ ਦਸਤਖਤਾਂ ਵਾਲੀਆਂ ਹੱਥ ਲਿਖਤ ਬੀੜਾਂ ਤੋਂ ਲੈ ਕੇ ਉੱਨੀਵੀਂ ਸਦੀ ਦੇ ਆਰੰਭ ਤੱਕ ਲਿਖੀਆਂ ਗਈਆਂ ਬੀੜਾਂ ਦਾ ਭੋਗ ਵੀ 'ਮੁੰਦਾਵਣੀ ਮੁਹੱਲਾ 5' ਦੇ ਸਲੋਕ 'ਤੇਰਾ ਕੀਤਾ ਜਾਤੋ ਨਾਹੀ' ਦੀ ਅੰਤਲੀ ਤੁਕ 'ਤਨ ਮਨ ਥੀਵੇ ਹਰਿਆ' ।।੧।। ਉਪਰ ਪਾਇਆ ਜਾਂਦਾ ਰਿਹਾ ਹੈ। ਪਹਿਲਾਂ ਪਹਿਲ ਹੋਰ ਕੋਈ ਵਾਧੂ ਬਾਣੀ ਨਹੀਂ ਹੁੰਦੀ ਸੀ। ਪਹਿਲੀਆਂ ਛਾਪੇ ਦੀਆਂ ਬੀੜਾਂ ਦਾ ਭੋਗ ਵੀ ਮੁੰਦਾਵਣੀ 'ਤੇ ਹੀ ਪੈਂਦਾ ਰਿਹਾ ਹੈ।

ਕੁਝ ਹੱਥ ਲਿਖਤ ਬੀੜਾਂ ਵਿਚ ਤਾਂ ਇਸ ਤੁਕ ਪਿੱਛੋਂ 'ਏਹੋ ਭੋਗ ਸ੍ਰੀ ਆਦਿ ਗ੍ਰੰਥ ਜੀ ਹੈ', ਦੀ ਮਹੱਤਵਪੂਰਨ ਸੂਚਨਾ ਵੀ ਲਿਖੀ ਮਿਲਦੀ ਹੈ। ਜਿਨ੍ਹਾਂ ਬੀੜਾਂ ਦਾ ਤਤਕਰਾ 'ਜਪੁ ਸ੍ਰੀ ਗੁਰੂ ਰਾਮ ਦਾਸ ਜੀਉ ਕਿਆ ਦਸਤਖਤਾਂ ਕੀ ਨਕਲ ਤੋਂ ਆਰੰਭ ਹੁੰਦਾ ਹੈ। ਇਕ ਬੀੜ ਵਿਚ 'ਏਹੋ ਗ੍ਰੰਥ ਜੀ ਸ੍ਰੀ ਆਦਿ ਗ੍ਰੰਥ ਜੀ ਨਾਲ ਸੋਧਿਆ ਹੋਇਆ ਹੈ। ਲਗ ਮਾਤਰ ਕੰਨਾ ਜਿਉ ਕਾ ਤਿਉ ਰੱਖਣਾ' ਦੀ ਸੂਚਨਾ ਵੀ ਬੀੜ ਦੇ ਆਰੰਭ ਵਿਚ ਪੂਰੇ ਸਫੇ 'ਤੇ ਲਿਖੀ ਮਿਲਦੀ ਹੈ। ਅਜਿਹੀਆਂ ਬੀੜਾਂ ਦਾ ਭੋਗ ਵੀ ਮੁੰਦਾਵਣੀ 'ਤੇ ਹੀ ਪੈਂਦਾ ਹੈ। ਲੇਖਕ ਨੇ ਕੁਝ ਬੀੜਾਂ ਦੇ ਚਿੱਤਰ ਸਾਗਰੀ (ਰਾਵਲਪਿੰਡੀ) ਗੋਂਦਲਾ (ਗੁੱਜਰਾਂਵਾਲਾ), ਤਰਨ ਤਾਰਨ, ਅੰਮ੍ਰਿਤਸਰ, ਪਟਿਆਲਾ, ਪਟਨਾ ਸਾਹਿਬ, ਹਜ਼ੂਰ ਸਾਹਿਬ, ਮੁੰਗੇਰ (ਬਿਹਾਰ) ਅਤੇ ਹੋਰ ਕਈ ਥਾਵਾਂ 'ਤੇ ਆਪ ਜਾ ਕੇ ਬੀੜਾਂ ਦੀ ਖੋਜ ਕਰਦਿਆਂ ਲਏ ਹਨ। ਇੰਜ ਇਹ ਪੁਸਤਕ 70 ਤੋਂ ਵੱਧ ਹਵਾਲਿਆਂ ਦੇ ਰੂਪ ਵਿਚ ਦਿੱਤੇ ਗਏ ਪੁਰਾਤਨ ਹੱਥ ਲਿਖਤ ਬੀੜਾਂ ਦੇ ਚਿੱਤਰਾਂ ਦੀ ਆਰਟਗੈਲਰੀ ਹੀ ਬਣ ਗਈ ਹੈ। ਵਧੀਆ ਆਰਟ ਪੇਪਰ 'ਤੇ ਛਪੇ ਚਿੱਤਰ ਸੱਚਮੁੱਚ ਦਰਸ਼ਨ ਕਰਨ ਯੋਗ ਹਨ।




*ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ: ਮੁੰਦਾਵਣੀ*

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਾਗਾਂ ਅਨੁਸਾਰ ਸੰਕਲਤ ਬਾਣੀ ਦਾ ਆਰੰਭ 'ਸਿਰੀ ਰਾਗ' ਤੋਂ ਕੀਤਾ ਗਿਆ ਹੈ ਅਤੇ ਇਉਂ ਰਾਗਾਂ ਦੀ ਤਰਤੀਬ ਸ਼ਾਂਤ ਰਸ ਪ੍ਰਧਾਨ ਪੱਧਤੀ ਅਨੁਸਾਰ ਕੀਤੀ ਗਈ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਕੁੱਲ 31 ਰਾਗ ਹਨ।

ਅਕਬਰ ਤੋਂ ਪਹਿਲਾਂ ਦੇ ਸਮੇਂ ਤੋਂ ਹੀ ਭਾਰਤੀ ਰਾਗ ਆਚਾਰੀਆਂ ਵੱਲੋਂ ਰਾਗ ਮਾਲਾਵਾਂ ਲਿਖਣ ਦਾ ਰਿਵਾਜ ਰਿਹਾ ਹੈ। ਗਿਆਨੀ ਜੀ ਨੇ ਪੁਰਾਤਨ ਕਾਲ ਤੋਂ ਲੈ ਕੇ ਵੀਹਵੀਂ ਸਦੀ ਤੱਕ ਦੇ ਵਿਦਵਾਨਾਂ ਦੇ ਰਾਗ ਮੱਤਾਂ ਦਾ ਅਧਿਐਨ ਕਰਦੇ ਹੋਏ ਸਪਸ਼ਟ ਕੀਤਾ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ 9 ਰਾਗਾਂ ਦਾ ਕਵੀ ਆਲਮ ਦੀ ਲਿਖੀ ਰਾਗਮਾਲਾ ਜੋ 'ਮੁੰਦਾਵਣੀ ਮੁਹਲਾ 5' ਪਿੱਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਕੀਤੀ ਗਈ ਹੈ ਦਾ ਨਾਂ ਵੀ ਸ਼ਾਮਲ ਨਹੀਂ ਕੀਤਾ ਗਿਆ। ਅਸਲ ਵਿਚ ਇਹ ਰਚਨਾ ਕਵੀ ਆਲਮ ਨੇ 991 ਹਿਜਰੀ ਭਾਵ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਸੰਪਾਦਨ ਤੋਂ 21 ਸਾਲ ਪਹਿਲਾਂ ਰਚੇ ''ਮਾਧਵਾਨਲ ਕਾਮਕੰਦਲਾ' ਗ੍ਰੰਥ ਲਈ ਲਿਖੀ ਸੀ।

ਹਿੰਦੀ ਸਾਹਿਤ ਦੇ ਵਿਦਵਾਨਾਂ ਵੱਲੋਂ ਹੁਣ ਤਕ ਕਵੀ ਆਲਮ ਸਬੰਧੀ ਹੋਈ ਖੋਜ ਦਾ ਲੇਖਾ-ਜੋਖਾ ਕਰਦਿਆਂ ਪੁਸਤਕ ਵਿਚ ਪ੍ਰਗਟ ਕੀਤਾ ਗਿਆ ਹੈ ਕਿ ਰਾਗਮਾਲਾ ਅਸਲ ਵਿਚ ਕਵੀ ਆਲਮ ਨੇ 991 ਹਿਜਰੀ ਵਿਚ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਤੋਂ 21 ਵਰ੍ਹੇ ਪਹਿਲਾਂ ਲਿਖੇ 'ਮਾਧਵਾਨਲ ਕਾਮਕੰਦਲਾ' ਵਿਚ ਲਿਖੀ ਸੀ। ਜਿਥੋਂ ਭਾਈ ਬੰਨੋ ਜੀ ਨੇ ਆਪਣੀ ਹੱਥ ਲਿਖਤ ਬੀੜ ਵਿਚ ਵਾਧੂ ਬਾਣੀਆਂ ਰਤਨਮਾਲਾ ਆਦਿ ਨਾਲ ਉਤਾਰੀ।

ਪੁਸਤਕ 'ਮੁੰਦਾਵਣੀ' 'ਚ ਵਿਸ਼ੇ ਨੂੰ ਨਿਭਾਉਂਦਿਆਂ ਲੇਖਕ ਨੇ ਸੁਘੜ ਅਤੇ ਸਹਿਜ ਸ਼ਬਦਾਵਲੀ ਵਰਤਦੇ ਹੋਏ ਇਕ ਵੀ ਕਰੜੇ ਵਾਕ, ਵਾਕੰਸ਼ ਜਾਂ ਸ਼ਬਦ ਦੀ ਵਰਤੋਂ ਨਹੀਂ ਕੀਤੀ।

ਅੰਦਰਲੀ ਸਮੱਗਰੀ ਵਾਂਗ ਹੀ ਪੁਸਤਕ ਦੀ ਛਪਾਈ ਅਤੇ ਉਪਰਲੀ ਦਿੱਖ ਵੀ ਵਰਨਣਯੋਗ ਹੈ। ਇਸੇ ਪੱਧਰ ਦੀਆਂ ਅੰਗਰੇਜ਼ੀ ਅਤੇ ਹੋਰ ਭਾਸ਼ਾਵਾਂ ਦੀਆਂ ਵਿਦੇਸ਼ੀ ਪ੍ਰਕਾਸ਼ਨਾਂ ਨਾਲੋਂ ਇਸ ਪੁਸਤਕ ਦਾ ਮੁੱਲ 400 ਰੁਪਏ ਵਾਜਬ ਹੀ ਹੈ। ਸਰਵਰਕ ਦਾ ਰਾਤ ਦੇ ਫੈਲਦੇ ਹਨੇਰੇ ਵਿਚ ਢਲਦੀ ਸ਼ਾਮ ਦੇ ਚਾਨਣ ਵਾਲੇ ਰੰਗਾਂ ਦਾ ਚਿੱਤਰ ਅਤੇ ਪੁਸਤਕ ਦੇ ਅੰਤਲੇ ਸਰਵਰਕ ਉਪਰ ਹਿੰਦੀ ਵਿਦਵਾਨਾਂ ਦੇ ਗ੍ਰੰਥਾਂ ਵਿਚੋਂ ਦਿੱਤੀਆਂ ਚੋਣਵੀਆਂ ਟਿੱਪਣੀਆਂ ਵੀ ਪੁਸਤਕ ਦੇ ਅਰਥ-ਸੰਚਾਰ ਦਾ ਅੰਗ ਬਣ ਗਈਆਂ ਹਨ।

**-ਡਾ. ਤਰਲੋਚਨ ਸਿੰਘ ਤਰਸੀ**